20.22/93/20
28/7/2022

RBSK CIVIL SURGEON OFFICE, BATHINDA
RASHTRIYA BAL SWASTHYA KARYAKRAM
Ph. 0164-2240144 Email: schbtd@gmail.com

ਕੇਵਲ ਈਮੇਲ ਰਾਹੀ

ਵੱਲੋ:-

ਸਿਵਲ ਸਰਜਨ ਬਠਿੰਡਾ ।

ਵੱਲ:-

1. ਜਿਲ੍ਹਾ ਸਿੱਖਿਆ ਅਫ਼ਸਰ ਪ੍ਰਾਇਮਰੀ ਅਤੇ ਸੈਕੰਡਰੀ, ਬਠਿੰਡਾ ।
2. ਜਿਲ੍ਹਾ ਪ੍ਰੋਗਰਾਮ ਅਫ਼ਸਰ ਆਈ.ਸੀ.ਡੀ.ਐਸ ਬਠਿੰਡਾ।

ਨੰ:RBSK/22/274-75 ਮਿਤੀ:- 27/7/2022

ਵਿਸ਼ਾ:-ਮਿਤੀ 10/08/2022 ਨੂੰ ਨੈਸ਼ਨਲ ਡੀ ਵਾਰਮਿੰਗ ਦਿਵਸ਼ ਮਨਾਉਣ ਸਬੰਧੀ ।

ਉਪਰੋਕਤ ਵਿਸ਼ੇ ਅਧੀਨ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾ ਅਨੁਸਾਰ 10/08/2022 ਨੂੰ ਨੈਸ਼ਨਲ ਡੀ ਵਾਰਮਿੰਗ ਦਿਵਸ਼ ਅਤੇ 17/8/2022 ਨੂੰ ਮੌਪਅੱਪ ਦਿਵਸ਼ ਮਨਾਇਆ ਜਾ ਰਿਹਾ ਹੈ ।

ਜੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਦਿਵਸ਼ ਨੂੰ ਸਫ਼ਲ ਬਣਾਉ ਅਤੇ ਵੱਧ ਤੋ ਵੱਧ ਬੱਚਿਆਂ ਨੂੰ ਪੇਟ ਦੇ ਕੀੜਿਆਂ ਦੀ ਰੋਕਥਾਮ ਲਈ ਇਹ ਗੋਲੀ ਦੇਣ ਲਈ ਹੇਠ ਲਿਖੀਆਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ :-

1. ਇਹ ਗੋਲੀ 1 ਤੋ 19 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਦਿੱਤੀ ਜਾਵੇ ।
2. 1 ਤੋ 2 ਸਾਲ ਤੱਕ ਦੇ ਬੱਚਿਆਂ ਨੂੰ ਅੱਧੀ ਗੋਲੀ ਅਤੇ 3 ਤੋ 19 ਸਾਲ ਤੱਕ ਦੇ ਬੱਚਿਆਂ ਨੂੰ ਪੂਰੀ ਗੋਲੀ ਦਿੱਤੀ ਜਾਵੇ ।
3. ਅਧਿਆਪਕ ਅਤੇ ਆਂਗਣਵਾੜੀ ਵਰਕਰ ਬੱਚਿਆਂ ਨੂੰ ਗੋਲੀ ਆਪਣੀ ਨਿਗਰਾਨੀ ਅਧੀਨ ਹੀ ਦੇਣਗੇ ।
4. ਬੱਚਿਆਂ ਨੂੰ ਗੋਲੀ ਘਰ ਲੈਕੇ ਜਾਣ ਲਈ ਨਾ ਦਿੱਤੀ ਜਾਵੇ ।
5. ਇਹ ਗੋਲੀ ਦੁਪਹਿਰ ਦੇ ਖਾਣੇ ਤੋ ਅੱਧੇ ਘੰਟੇ ਬਾਅਦ ਦਿੱਤੀ ਜਾਵੇ ।ਇਹ ਯਕੀਨੀ ਬਣਾਇਆ ਜਾਵੇ ਕਿ ਬੱਚਿਆਂ ਨੂੰ ਖਾਲੀ ਪੇਟ ਇਹ ਗੋਲੀ ਨਾ ਦਿੱਤੀ ਜਾਵੇ ।
6. ਇਹ ਯਕੀਨੀ ਬਣਾਇਆ ਜਾਵੇ ਕਿ ਬੱਚੇ ਗੋਲੀ ਚਬਾਕੇ ਲੈਣ । ਗੋਲੀ ਦਾ ਸੁਆਦ ਮਿੱਠਾ ਹੈ ।
7. ਇਹ ਗੋਲੀਆਂ ਬੱਚਿਆਂ ਦੀ ਪਹੁੰਚ ਤੋ ਦੂਰ ਰੱਖੀਆਂ ਜਾਣ ਤਾਂ ਜੋ ਬੱਚੇ ਇਕ ਤੋ ਜਿਆਦਾ ਗੋਲੀਆਂ ਨਾ ਖਾ ਸਕਣ ।
8. ਜੇਕਰ ਬੱਚੇ ਪਿਛਲੇ ਕਈ ਦਿਨਾਂ ਤੋ ਬਿਮਾਰ ਹੈ ਤਾਂ ਉਸ ਨੂੰ ਇਹ ਗੋਲੀ ਨਾ ਦਿੱਤੀ ਜਾਵੇ।
9. ਬੱਚੇ ਨੂੰ ਗੋਲੀ ਦੇਣ ਤੋ ਬਾਅਦ 2 ਘੰਟਿਆਂ ਤੱਕ ਸਕੂਲ/ਆਂਗਣਵਾੜੀ ਕੇਦਰ ਤੇ ਹਾਜਰ ਰੱਖਿਆ ਜਾਵੇ।
10. ਸਾਰੇ ਸਕੂਲ ਮੁਖੀਆਂ ਅਤੇ ਆਂਗਣਵਾੜੀ ਵਰਕਰਾਂ ਕੋਲ ਉਹਨਾਂ ਦੇ ਏਰੀਏ ਦੀ ਆਸ਼ਾ/ਏ.ਐਨ.ਐਮ/ਰੂਰਲ ਮੈਡੀਕਲ ਅਫ਼ਸਰ/ਮੋਬਾਇਲ ਹੈਲਥ ਟੀਮ ਆਰ.ਬੀ.ਐਸ,ਕੇ ਅਤੇ ਸਬੰਧਤ ਸੀਨੀਅਰ ਮੈਡੀਕਲ ਅਫ਼ਸਰ ਦਾ ਫੋਨ ਅਤੇ ਮੋਬਾਇਲ ਨੰਬਰ ਜਰੂਰ ਹੋਵੇ ਤਾਂ ਜੋ ਕਿਸੇ ਅਣਸੁਖਾਵੀ ਘਟਨਾਂ ਨੂੰ ਕੰਟਰੋਲ ਕਰਨ ਲਈ ਸਮੇ ਸਿਰ ਰਾਬਤਾ ਕੀਤਾ ਜਾ ਸਕੇ ।
11. ਜਿਹਨਾਂ ਬੱਚਿਆਂ ਵਿਚ ਜਿਆਦਾ ਪੇਟ ਦੇ ਕੀੜੇ ਹੁੰਦੇ ਹਨ, ਗੋਲੀ ਦੇਣ ਤੋ ਬਾਅਦ ਉਹਨਾਂ ਬੱਚਿਆਂ ਨੂੰ ਜੀ ਕੱਚਾ ਹੋਣਾ ( Nausea ) , ਥੋੜਾ ਪੇਟ ਦਰਦ ,ਇਕ-ਦੋ ਉਲਟੀਆਂ ਆਉਣਾ ਅਤੇ ਥਕਾਵਟ ( Fatigue ) ਹੋ ਸਕਦੀ ਹੈ । ਘਬਰਾਉ ਨਾ ਸਬੰਧਤ ਆਸ਼ਾ/ਏ.ਐਨ.ਐਮ ਨਾਲ ਤਾਲਮੇਲ ਕਰੋ ।
12. ਲੋੜ ਮਹਿਸੂਸ ਕਰਨ ਤੇ 108 ਤੇ ਫੋਨ ਕਰਕੇ ਐਬੂਲਸ ਦੀ ਸਹਾਇਤਾ ਨਾਲ ਬੱਚੇ ਨੂੰ ਨੇੜੇ ਦੀ ਸਿਹਤ ਸੰਸਥਾ ਵਿਖੇ ਲੈ ਕੇ ਜਾਉ ।
13. ਮਿਤੀ 01/08/2022 ਤੋ 17/08/2022 ਤੱਕ ਸਕੂਲ ਦੀ ਸਵੇਰ ਦੀ ਸਭਾ ਵਿਚ ਕੀੜਿਆਂ ਦੀ ਰੋਕਥਾਮ ਅਤੇ ਉੱਤਮ ਖੁਰਾਕ ਸਬੰਧੀ ਬੱਚਿਆਂ ਨੂੰ ਲੋੜੀਦੀ ਜਾਣਕਾਰੀ ਦਿੱਤੀ ਜਾਵੇ ।

ਸਿਵਲ ਸਰਜਨ ਬਠਿੰਡਾ ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ: ਜੀ-1/1(7)2022/1779 ਮਿਤੀ: 4/08/2022

ਉਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)
ਬਠਿੰਡਾ
ਜਾਰੀ

Scanned with OKEN Scanner